# ਭਗਤ ਨਾਮਦੇਵ - ਸਬਦ ੧੮

## ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ ॥

### ਰਾਗੁ ਟੋਡੀ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੭੧੮

ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ ॥
ਪਤਿਤ ਪਵਿਤ ਭਏ ਰਾਮੁ ਕਹਤ ਹੀ ॥੧॥ ਰਹਾਉ ॥
ਰਾਮ ਸੰਗਿ ਨਾਮਦੇਵ ਜਨ ਕਉ ਪ੍ਰਤਗਿਆ ਆਈ ॥
ਏਕਾਦਸੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਈ ॥੧॥
ਭਨਤਿ ਨਾਮਦੇਉ ਸੁਕ੍ਰਿਤ ਸੁਮਤਿ ਭਏ ॥
ਗੁਰਮਤਿ ਰਾਮੁ ਕਹਿ ਕੋ ਕੋ ਨ ਬੈਕੁੰਠਿ ਗਏ ॥੨॥੨॥

ਸਾਰ: ਜਦੋਂ ਅਸੀਂ ਸਬਰ ਨਾਲ ਆਪਣੇ ਅੰਦਰ ਝਾਤ ਮਾਰਦੇ ਹਾਂ, ਤਾਂ ਸਮਝ ਆਉਂਦੀ ਹੈ ਕਿ ਸਾਡੇ ਨਕਾਰਾਤਮਕ ਵਿਚਾਰ ਹੋਂਦ ਦੇ ਪਰਮ ਸੱਚ ਦੀ ਤਰਜ਼ਮਾਨੀ ਨਹੀਂ ਕਰਦੇ; ਉਹ ਅਕਸਰ ਸਾਡੇ ਦੁਆਰਾ ਲਗਾਵ ਦੀਆਂ ਸਿਰਜੀਆਂ ਹੋਈਆਂ ਧਾਰਣਾਵਾਂ ਦਾ ਪ੍ਰਤੀਬਿੰਬ ਹੁੰਦੇ ਹਨ, ਸਾਡੇ ਅਸਲ ਸਰੂਪ ਦਾ ਨਹੀਂ। ਇਹ ਪ੍ਰਕਿਰਿਆ ਸਾਡੇ ਅੰਦਰ ਏਕਤਾ ਦੀ ਇਕ ਗੂੜ੍ਹ ਭਾਵਨਾ ਨੂੰ ਪ੍ਰਗਟ ਕਰਦੀ ਹੈ, ਜੋ ਸੰਪੂਰਨ ਅਤੇ ਅਖੰਡਿਤ ਹੁੰਦੀ ਹੈ। ਜਿਵੇਂ-ਜਿਵੇਂ ਅਸੀਂ ਇਸ ਜਾਗਰੂਕਤਾ ਵਿਚ ਡੂੰਘਾ ਉਤਰਦੇ ਜਾਂਦੇ ਹਾਂ, ਤਿਵੇਂ-ਤਿਵੇਂ ਅਸੀਂ ਨਿਰਣਿਆਂ ਅਤੇ ਟਿੱਪਣੀਆਂ ਦੇ ਭਾਰ ਤੋਂ ਹੌਲੇ ਹੋਣ ਲੱਗਦੇ ਹਾਂ। ਅੰਤ ਜਿਸ ਦਾ ਉਭਾਰ ਹੁੰਦਾ ਹੈ, ਉਹ ਹੈ ਏਕਮ ਸਤਾ ਦੀ ਗੂੜ੍ਹ ਭਾਵਨਾ, ਇਕ ਅਜਿਹਾ ਸਰੂਪ ਜੋ ਬਾਹਰੀ ਟਿੱਪਣੀਆਂ ਅਤੇ ਦਿਖਾਵਿਆਂ ਤੋਂ ਪਰੇ ਹੁੰਦਾ ਹੈ ਅਤੇ ਆਪਣੇ ਆਪ ਨਾਲ ਅਤੇ ਆਪਣੇ ਆਲੇ ਦੁਆਲੇ ਦੇ ਸੰਸਾਰ ਨਾਲ ਅਸਲ ਪੁਖਤਾ ਰੂਪ ਵਿਚ ਜੁੜਿਆ ਹੁੰਦਾ ਹੈ।

ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ ॥
ਸਰਬ ਵਿਆਪਕ ਸਤਾ ਦੇ ਤੱਤਸਾਰ 'ਤੇ ਵਿਚਾਰ ਕਰਦੇ ਸਮੇਂ ਕੌਣ ਹੈ ਜੋ ਕਾਲਖ ਦੇ ਦਾਗ਼ ਨਾਲ ਦਾਗ਼ੀ ਰਹਿ ਸਕਦਾ ਹੈ? ਇਹ ਭਾਵ ਦਰਸਾਉਂਦਾ ਹੈ ਕਿ ਡੂੰਘਾ ਚਿੰਤਨ ਸਾਡੇ ਦ੍ਰਿਸ਼ਟੀਕੋਣ ਨੂੰ ਬਦਲ ਦਿੰਦਾ ਹੈ, ਸਮਾਜਿਕ ਨਿਰਣਿਆਂ ਤੋਂ ਪਰੇ, ਏਕਤਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਦਾ ਹੈ।

ਪਤਿਤ ਪਵਿਤ ਭਏ ਰਾਮੁ ਕਹਤ ਹੀ ॥੧॥ ਰਹਾਉ ॥

ਸਰਬਵਿਆਪੀ ਏਕਤਾ ਨੂੰ ਜਾਣ ਅਗਿਆਨੀ ਵੀ ਜਾਗਰੂਕ ਹੋ ਜਾਂਦੇ ਹਨ। ਇਹ ਸ਼ੁੱਧੀਕਰਨ ਉਸ ਅੰਤਰੀਵੀ ਪੁਨਰ-ਇਕਸੁਰਤਾ ਨੂੰ ਦਰਸਾਉਂਦਾ ਹੈ ਜਿਸ ਵਿਚ ਇਕ ਪਤਿਤ ਵੀ ਪਾਵਨ ਬਣ ਜਾਂਦਾ ਹੈ, ਭਾਵ ਡਗਮਗਾਉਂਦੀ ਸੁਰਤ ਤੋਂ ਏਕਮ ਸਤਾ ਵੱਲ ਪਰਤ ਆਉਂਦਾ ਹੈ ਅਤੇ ਅੰਤਰੀਵੀ ਇਕਰੂਪਤਾ ਨੂੰ ਪ੍ਰਾਪਤ ਕਰਦਾ ਹੈ। (੧)(ਠਹਿਰਾਉ)

ਰਾਮ ਸੰਗਿ ਨਾਮਦੇਵ ਜਨ ਕਉ ਪ੍ਰਤਗਿਆ ਆਈ ॥

ਨਾਮਦੇਵ ਨਿਮਾਣੇ ਜਗਿਆਸੂ ਸਰਬਵਿਆਪੀ ਏਕਮ ਸਤਾ ਨਾਲ ਜੁੜ ਕੇ ਕਹਿੰਦੇ ਹਨ ਕਿ ਉਨ੍ਹਾਂ ਨੇ ਅਡੋਲ ਦ੍ਰਿੜਤਾ ਪ੍ਰਾਪਤ ਕਰ ਲਈ ਹੈ। ਇਹ ਭਾਵ ਹੋਂਦ ਦੇ ਮੂਲ ਤੱਤਸਾਰ ਨਾਲ ਇਕਸੁਰਤਾ ਕਾਇਮ ਰੱਖਣ ਲਈ ਦ੍ਰਿੜ, ਅਡੋਲ ਸਮਰਪਣ ਬਾਰੇ ਦਰਸਾਉਂਦਾ ਹੈ।

ਏਕਾਦਸੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਈ ॥੧॥

ਜਦੋਂ ਕੋਈ ਏਕਤਾ ਦੇ ਸੱਚ ਰੂਪੀ ਵਰਤ ਨੂੰ ਰੱਖ ਲੈਂਦਾ ਹੈ, ਤਾਂ ਫਿਰ ਉਸਨੂੰ ਤੀਰਥ-ਯਾਤਰਾਂ ਦੀ ਕੀ ਲੋੜ ਰਹਿ ਜਾਂਦੀ ਹੈ? ਇਹ ਭਾਵ ਦਰਸਾਉਂਦਾ ਹੈ ਕਿ ਏਕਾਦਸ਼ੀ ਦਾ ਅਸਲ ਵਰਤ ਸਿਰਫ਼ ਸਰੀਰਕ ਤੌਰ ;ਤੇ ਭੁਖਿਆ ਰਹਿਣਾ ਨਹੀਂ ਹੁੰਦਾ, ਸਗੋਂ ਅੰਤਰੀਵੀ ਵਿਕਾਰਾਂ ਤੋਂ ਸੁਚੇਤ ਰਹਿਣ ਬਾਰੇ ਵੀ ਹੁੰਦਾ ਹੈ। (੧)

ਭਨਤਿ ਨਾਮਦੇਉ ਸੁਕ੍ਰਿਤ ਸੁਮਤਿ ਭਏ ॥

ਨਾਮਦੇਵ ਕਹਿੰਦੇ ਹਨ ਕਿ ਚੰਗੇ ਕਰਮਾਂ ਵਿਚ ਜੁੱਟ ਜਾਣ ਨਾਲ ਸੂਝ, ਸਪਸ਼ਟਤਾ ਅਤੇ ਸੁਚੇਤਤਾ ਪੈਦਾ ਹੁੰਦੀ ਹੈ। ਇਹ ਭਾਵ ਦਰਸਾਉਂਦਾ ਹੈ ਕਿ ਨੇਕੀ ਕੋਈ ਜ਼ਬਰੀ ਲਾਗੂ ਕੀਤੀ ਨੈਤਿਕਤਾ ਨਹੀਂ, ਸਗੋਂ ਸੁਭਾਵਿਕ ਤੌਰ 'ਤੇ ਉਦਭਵ ਹੋਣ ਵਾਲੀ ਅੰਤਰੀਵੀ ਗੁਣਵੱਤਾ ਹੈ।

ਗੁਰਮਤਿ ਰਾਮੁ ਕਹਿ ਕੋ ਕੋ ਨ ਬੈਕੁੰਠਿ ਗਏ ॥੨॥੨॥

ਬੋਧਿਕਤਾ ਜੋ ਅਗਿਆਨਤਾ ਤੋਂ ਜਾਗਰੂਕਤਾ ਵੱਲ ਸੇਧਿਤ ਕਰਦੀ ਹੈ, ਅਜਿਹੀ ਸਰਬਵਿਆਪੀ ਏਕਮ ਸਤਾ ਬਾਰੇ ਗੱਲ ਕਰਨ ਵਾਲੇ ਵਿਰਲੇ ਜਨ ਪਰਮ ਸ਼ਾਂਤੀ ਨੂੰ ਕਿਵੇਂ ਨਾ ਪ੍ਰਾਪਤ ਕਰਨ? ਇਹ ਭਾਵ "ਬੈਕੁੰਠ" ਦੀ ਅਵਸਥਾ ਨੂੰ ਦਰਸਾਉਂਦਾ ਹੈ, ਜਿਸ ਵਿਚ ਮਨ ਸ਼ਾਂਤ, ਬੋਝ-ਮੁਕਤ ਹੁੰਦਾ ਹੈ, ਅਤੇ ਅੰਤਰੀਵੀ ਬਿਬੇਕ ਦੀ ਭਾਲ ਕਰਨ ਵਾਲਿਆਂ ਦੀ ਤਾਂਘ ਕਰਦਾ ਹੈ। (੨)(੨)

ਤੱਤ:  ਭਗਤ ਨਾਮਦੇਵ ਪੁਰਜ਼ੋਰ ਤਾਕੀਦ ਕਰਦੇ ਹਨ ਕਿ ਕਰਮ-ਕਾਂਡ ਸਿਰਫ਼ ਮਨ ਦੀ ਕ੍ਰਿਤ ਹਨ, ਜੋ ਸੱਚੀ ਸੂਝ ਆਉਣ 'ਤੇ ਭੰਗ ਹੋ ਜਾਂਦੇ ਹਨ ਅਤੇ ਸਾਨੂੰ ਅਗਿਆਨਤਾ ਤੋਂ ਗੰਭੀਰ ਜਾਗਰੂਕਤਾ ਵੱਲ ਲੈ ਜਾਂਦੇ ਹਨ। ਉਹ ਸਾਨੂੰ ਆਪਣੀਆਂ ਰਸਮਾਂ ਬਾਰੇ ਗੰਭੀਰ ਚਿੰਤਨ ਕਰਨ ਲਈ ਪ੍ਰੇਰਿਤ ਕਰਦੇ ਹਨ। ਏਕਾਦਸ਼ੀ ਦੇ ਵਰਤ ਨੂੰ ਸਿਰਫ਼ ਸਰੀਰਕ  ਉਪਵਾਸ ਨਹੀਂ ਸਮਝਣਾ ਚਾਹੀਦਾ; ਇਹ ਤਾਂ ਅੰਤਰੀਵੀ ਤੌਰ 'ਤੇ ਵਿਕਾਰਾਂ ਉੱਤੇ ਜਿੱਤ ਹਾਸਲ ਕਰਨ ਦਾ ਸੰਕਲਪ ਹੈ। ਇਸੇ ਤਰ੍ਹਾਂ "ਬੈਕੁੰਠ," ਜਿਸਨੂੰ ਅਕਸਰ ਸਵਰਗ ਸਮਝਿਆ ਜਾਂਦਾ ਹੈ, ਅਸਲ ਵਿਚ ਮਨ ਦੀ ਉਸ ਅਵਸਥਾ ਦਾ ਪ੍ਰਤੀਕ ਹੈ ਜੋ ਸ਼ਾਂਤ, ਬੋਝ-ਰਹਿਤ ਅਤੇ ਮੁਕਤ ਹੁੰਦੀ ਹੈ, ਇਕ ਅਜਿਹੀ ਮਨੋਬਿਰਤੀ ਜੋ ਉਨ੍ਹਾਂ ਦੁਆਰਾ ਵਿਕਸਤ ਕੀਤੀ ਜਾਂਦੀ ਹੈ ਜੋ ਬਿਬੇਕ ਦੇ ਰਸੀਏ ਹੁੰਦੇ ਹਨ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**